# ਯੋਜਨਾ

ਕਮਯੂਨਿਟੀ ਲਿਵਿੰਗ ਬੀਸੀ (ਸੀ.ਐਲ.ਬੀ.ਸੀ.) ਯੋਗ ਬਾਲਗਾਂ ਅਤੇ ਉਨਾਂ ਦੇ ਪਰਿਵਾਰਾਂ ਨੂੰ ਸਹਾਇਤਾ ਅਤੇ ਸੇਵਾਵਾਂ ਮੁਹਈਆ ਕਰਦਾ ਹੈ। ਸੀ.ਐਲ.ਬੀ.ਸੀ. ਦੀ ਇਕ ਵਿਅਕਤੀਗਤ ਸਹਾਇਤਾ ਯੋਜਨਾ ਨੀਤੀ ਹੈ ਜਿਸ ਨਾਲ ਲੋਕਾਂ ਨੂੰ ਇਹ ਸਮਝਣ ਵਿੱਚ ਮਦਦ ਮਿਲ ਸਕੇਗੀ ਕਿ ਸੀ.ਐਲ.ਬੀ.ਸੀ. ਫੰਡ ਸੇਵਾਵਾਂ ਨੂੰ ਪਹੁੰਚ ਕਰਨ ਲਈ ਵਿਅਕਤੀਗਤ ਸਹਾਇਤਾ ਯੋਜਨਾ ਦੀ ਕਦੋਂ ਜਰੂਰਤ ਹੁੰਦੀ ਹੈ। ਨੀਤੀ ਵਿੱਚ ਦਸਿਆ ਗਿਆ ਹੈ ਕਿ ਯੋਜਨਾ ਵਿੱਚ ਜਰੂਰਤ ਪੈਣ ਉਤੇ ਕਿਹੜੀ ਜਾਣਕਾਰੀ ਸ਼ਾਮਿਲ ਕਰਨ ਦੀ ਲੋੜ ਹੁੰਦੀ ਹੈ। ਇਸ ਜਾਣਕਾਰੀ ਪੱਤਰ ਵਿੱਚ ਵਿਅਕਤੀਗਤ ਸਹਾਇਤਾ ਯੋਜਨਾ ਦੇ ਬਾਰੇ ਕੁਝ ਆਮ ਪ੍ਰਸ਼ਨਾਂ ਦੇ ਜੁਆਬ ਦਿਤੇ ਗਏ ਹਨ।

### ਵਿਅਕਤੀਗਤ ਸਹਾਇਤਾ ਯੋਜਨਾਵਾਂ ਕੀ ਹਨ?

ਵਿਅਕਤੀਗਤ ਸਹਾਇਤਾ ਯੋਜਨਾਵਾਂ ਕਿਸੇ ਵਿਅਕਤੀ ਦੀਆਂ ਇਛਾਵਾਂ, ਸੁਫਨਿਆਂ ਅਤੇ ਜ਼ਰੂਰਤਾਂ ਨੂੰ ਬਿਆਨ ਕਰਦੀਆਂ ਹਨ ਅਤੇ ਉਨਾਂ ਦੀ ਸ਼ਕਤੀ, ਲੋੜਾਂ ਅਤੇ ਉਦੇਸ਼ਾਂ ਦੀ ਪਛਾਣ ਕਰਦੀਆਂ ਹਨ। ਯੋਜਨਾਵਾਂ ਕਿਸੇ ਵਿਅਕਤੀ ਅਤੇ ਉਨਾਂ ਦੇ ਪਰਿਵਾਰ ਵਲੋਂ ਵਿਕਸਿਤ ਕੀਤੀਆਂ ਜਾਂਦੀਆਂ ਹਨ ਅਤੇ ਉਨਾਂ ਦੇ ਉਦੇਸ਼ਾਂ ਨੂੰ ਹਾਸਲ ਕਰਨ ਲਈ ਲੁੜੀਂਦੀ ਸਹਾਇਤਾ ਅਤੇ ਸੇਵਾ ਨੂੰ ਬਿਆਨ ਕਰਦੀਆਂ ਹਨ। ਵਿਅਕਤੀਗਤ ਸਹਾਇਤਾ ਯੋਜਨਾਵਾਂ ਵੱਖ-ਵੱਖ ਤਰਾਂ ਦੀਆਂ ਹੋ ਸਕਦੀਆਂ ਹਨ ਅਤੇ ਜਦੋਂ ਉਨਾਂ ਦੀ ਸੀ.ਐਲ.ਬੀ.ਸੀ. ਫੰਡ ਸੇਵਾਵਾਂ ਤਕ ਪਹੁੰਚ ਕਰਨ ਦੀ ਲੋੜ ਪੈਂਦੀ ਹੈ ਤਾਂ ਉਨਾਂ ਵਿੱਚ ਕੁਝ ਜਾਣਕਾਰੀ ਸ਼ਾਮਿਲ ਕਰਨ ਦੀ ਲੋੜ ਹੁੰਦੀ ਹੈ। ਜਦੋਂ ਯੋਜਨਾਵਾਂ ਦੀ ਲੋੜ ਹੁੰਦੀ ਹੈ ਤਾਂ ਉਨਾਂ ਵਿੱਚ ਸੀ.ਐਲ.ਬੀ.ਸੀ. ਫੰਡ ਸੇਵਾਵਾਂ ਦੇ ਨਾਲ ਪਰਿਵਾਰ, ਦੋਸਤਾਂ ਅਤੇ ਭਾਈਚਾਰੇ ਦੀ ਮਦਦ ਦਾ ਸੁਮੇਲ ਸ਼ਾਮਿਲ ਕਰਨਾ ਚਾਹੀਦਾ ਹੈ।

## ਯੋਜਨਾ ਮਹੱਤਵਪੂਰਣ ਕਿਉਂ ਹੈ?

ਸੀ.ਐਲ.ਬੀ.ਸੀ. ਲੋਕਾਂ ਨੂੰ ਸਮਾਜ ਵਿੱਚ ਪੂਰਣ ਜੀਵਨ ਸਭ ਤੋਂ ਵਧੀਆ ਤਰੀਕੇ ਨਾਲ ਬਤੀਤ ਕਰਨ ਲਈ ਮਦਦ ਕਰਨ ਵਿੱਚ ਵਿਸ਼ਸਾਸ ਰਖਦਾ ਹੈ। ਇਸ ਕਰਕੇ ਹੀ ਸੀ.ਐਲ.ਬੀ.ਸੀ. ਯੋਜਨਾ ਲਈ ਸਹਾਇਤਾ ਅਤੇ ਯੋਜਨਾ ਦੇ ਕਈ ਵਿਕਲਪ ਮੁਹਈਆ ਕਰਦਾ ਹੈ ਜਿਸ ਨਾਲ ਚੋਣ ਕਰਨ, ਲਚਕੀਲੇਪਣ ਅਤੇ ਆਤਮ-ਨਿਸ਼ਚੇ ਦੀ ਤਰੱਕੀ ਹੁੰਦੀ ਹੈ।

### ਸੀ.ਐਲ.ਬੀ.ਸੀ.- ਫੰਡ ਸੇਵਾਵਾਂ ਲਈ ਵਿਅਕਤੀਗਤ ਸਹਾਇਤਾ ਯੋਜਨਾ ਕਦੋਂ ਲੁੜੀਂਦੀ ਹੈ?

ਜਦੋਂ ਤੁਹਾਡੇ ਪਰਿਵਾਰ ਦੇ ਮੈਂਬਰ ਨੂੰ ਚਾਲੂ ਸੀ.ਐਲ.ਬੀ.ਸੀ.- ਫੰਡ ਸੇਵਾਵਾਂ ਦੀ ਲੋੜ ਹੁੰਦੀ ਹੈ ਜਿਸਦੀ ਮਿਸ਼੍ਰਿਤ ਲਾਗਤ ਹਰ ਸਾਲ $6000 ਤੋਂ ਵੱਧ ਦੀ ਹੁੰਦੀ ਹੈ।

- ਜਦੋਂ ਤੁਹਾਡੇ ਪਰਿਵਾਰ ਦੇ ਮੈਂਬਰ ਨੂੰ ਚਾਲੂ ਸੀ.ਐਲ.ਬੀ.ਸੀ.- ਫੰਡ ਸੇਵਾਵਾਂ ਦੀ ਲੋੜ ਹੁੰਦੀ ਹੈ ਜਿਸਦੀ ਮਿਸ਼੍ਰਿਤ ਲਾਗਤ ਹਰ ਸਾਲ $6000 ਤੋਂ ਵੱਧ ਦੀ ਹੁੰਦੀ ਹੈ।
- ਜਦੋਂ ਨਵੀਂ ਰਿਹਾਇਸ਼ ਲਈ ਬੇਨਤੀ ਕੀਤੀ ਜਾਂਦੀ ਹੈ।
- ਜਦੋਂ ਭਾਈਚਾਰੇ ਦੀ ਕਿਸੇ ਨਵੀਂ ਕਾਰਵਾਈ ਨੂੰ ਸ਼ਾਮਿਲ ਕੀਤੇ ਜਾਣ ਦੀ ਬੇਨਤੀ ਕੀਤੀ ਜਾਂਦੀ ਹੈ।



ਸੀ.ਐਲ.ਬੀ.ਸੀ. ਦਾ ਮਦਦਗਾਰ ਇਹ ਪਤਾ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ ਕਿ ਕੀ ਤੁਹਾਡੇ ਪਰਿਵਾਰ ਦੇ ਮੈਂਬਰ ਨੂੰ ਸੀ.ਐਲ.ਬੀ.ਸੀ.- ਫੰਡ ਸੇਵਾਵਾਂ ਦੀ ਲੋੜ ਹੋਏਗੀ ਜਿਸ ਦੀ ਲਾਗਤ ਹਰ ਸਾਲ $6000 ਤੋਂ ਵੱਧ ਦੀ ਹੁੰਦੀ ਹੈ। ਤਕਰੀਬਨ ਹਰ ਹਫ਼ਤੇ ਪੰਜ ਘੰਟਿਆਂ ਤੋਂ ਵਧ ਦੀ ਚਾਲੂ ਸਹਾਇਤਾ ਲਈ ਬੇਨਤੀ ਆਮ ਕਰਕੇ ਯੋਜਨਾਵਾਂ ਵਿੱਚ ਉਲੀਕਣ ਦੀ ਲੋੜ ਹੁੰਦੀ ਹੈ। ਸੀ.ਐਲ.ਬੀ.ਸੀ. ਵਲੋਂ ਫ਼ੰਡ ਮੁਹਈਆ ਕਰ ਸਕਣ ਤੋਂ ਪਹਿਲਾਂ ਯੋਜਨਾਵਾਂ ਦੀ ਲੋੜ ਹੁੰਦੀ ਹੈ।, ਇਸ ਕਰਕੇ ਸੇਵਾਵਾਂ ਪ੍ਰਦਾਨ ਕਰਨ ਤੋਂ ਕਈ ਮਹੀਨੇ ਪਹਿਲਾਂ ਯੋਜਨਾਵਾਂ ਵਿਕਸਿਤ ਕਰ ਲਈਆਂ ਜਾਣੀਆਂ ਚਾਹੀਦੀਆਂ ਹਨ। ਮਦਦਗਾਰ ਇਸ ਬਾਰੇ ਤੁਹਾਨੂੰ ਦਸ ਸਕਦਾ ਹੈ ਕਿ ਖ਼ਾਸ ਕਰਕੇ ਤੁਹਾਡੀ ਹਾਲਤ ਵਿੱਚ ਯੋਜਨਾ ਕਦੋਂ ਤਿਆਰ ਕੀਤਾ ਜਾਣੀ ਚਾਹੀਦੀ ਹੈ।

### ਕੀ ਸੀ.ਐਲ.ਬੀ.ਸੀ. ਨੂੰ ਹਮੇਸ਼ਾ ਵਿਅਕਤੀਗਤ ਸਹਾਇਤਾ ਯੋਜਨਾ ਦੀ ਲੋੜ ਹੁੰਦੀ ਹੈ।

ਨਹੀਂ, ਫ਼ੌਰੀ ਹੰਗਾਮੀ ਫ਼ੰਡ ਲਈ ਯੋਜਨਾਵਾਂ ਦੀ ਲੋੜ ਨਹੀਂ ਹੁੰਦੀ ਹੈ ਜੋ ਕਿ ਸਿਰਫ ਥੋੜੀ ਮਿਆਦ ਲਈ ਹੁੰਦੀ ਹੈ। ਜੇਕਰ ਹੰਗਾਮੀ ਹੁੰਗਾਰੇ ਤੋਂ ਬਾਦ ਸੇਵਾ ਦੀ ਲੋੜ ਪੈਂਦੀ ਹੈ, ਤਾਂ ਯੋਜਨਾ ਤਿਆਰ ਕਰਨ ਦੀ ਲੋੜ ਹੋਏਗੀ। ਥੋੜੀ ਮਿਆਦ ਦੀ, ਉਦੇਸ਼ ਕੇਂਦ੍ਰਿਤ ਸਹਾਇਤਾ ਜਿਵੇਂ ਅੱਠ ਹਫਤਿਆਂ ਦੇ ਰੁਜ਼ਗਾਰ ਲਈ ਯੋਜਨਾ ਦੀ ਲੋੜ ਨਹੀਂ ਹੁੰਦੀ ਹੈ। ਜਦੋਂ ਤੁਹਾਡੇ ਪਰਿਵਾਰ ਦਾ ਮੈਂਬਰ ਸੀ.ਐਲ.ਬੀ.ਸੀ. ਫ਼ੰਡ ਦੀਆਂ ਉਨਾਂ ਸੇਵਾਵਾਂ ਦੀ ਪਹੁੰਚ ਕਰਦਾ ਹੈ ਜੋ ਹਰ ਸਾਲ $6000 ਤੋਂ ਘੱਟ ਦੀ ਹੁੰਦੀਆਂ ਹਨ ਤਦ ਯੋਜਨਾਵਾਂ ਦੀ ਲੋੜ ਨਹੀਂ ਹੁੰਦੀ ਹੈ । ਯੋਜਨਾ ਤਿਆਰ ਕਰਨ ਦਾ ਤਾਂ ਵੀ ਚੰਗਾ ਵਿਚਾਰ ਹੁੰਦਾ ਹੈ ਜਦੋਂ ਯੋਜਨਾਵਾਂ ਦੀ ਲੋੜ ਨਹੀਂ ਹੁੰਦੀ ਹੈ ਕਿਉਂਕਿ ਯੋਜਨਾਵਾਂ ਨਾਲ ਇਹ ਯਕੀਨੀ ਬਣਾਨ ਵਿੱਚ ਮਦਦ ਮਿਲਦੀ ਹੈ ਕਿ ਤੁਹਾਡੇ ਪਰਿਵਾਰ ਦਾ ਮੈਂਬਰ ਭਾਈਚਾਰੇ ਵਿੱਚ ਵਧੀਆ ਜੀਵਨ ਜੀ ਸਕਦਾ ਹੈ।

### ਵਿਅਕਤੀਗਤ ਫ਼ੰਡ ਲਈ ਕੀ ਸੀ.ਐਲ.ਬੀ.ਸੀ. ਨੂੰ ਵਿਅਕਤੀਗਤ ਸਹਾਇਤਾ ਯੋਜਨਾਵਾਂ ਦੀ ਲੋੜ ਹੁੰਦੀ ਹੈ?

ਵਿਅਕਤੀਗਤ ਫ਼ੰਡ ਲਈ ਯੋਜਨਾਵਾਂ ਦੀ ਲੋੜ ਤਾਂ ਹੁੰਦੀ ਹੈ ਜਦੋਂ ਬੇਨਤੀ ਕੀਤੀ ਗਈ ਸੀ.ਐਲ.ਬੀ.ਸੀ. ਸੇਵਾਵਾਂ ਹਰ ਸਾਲ $6000 ਤੋਂ ਵਧ ਦੀਆਂ ਹੁੰਦੀਆਂ ਹਨ। ਵਿਅਕਤੀਗਤ ਫ਼ੰਡ ਬਾਰੇ ਹੋਰ ਜਾਣਕਾਰੀ ਸੀ.ਐਲ.ਬੀ.ਸੀ. ਦੀ ਵੈਬਸਾਈਟ ਹੇਠ ਵਿਅਕਤੀਗਤ ਅਤੇ ਪਰਿਵਾਰ > ਵਿਅਕਤੀਗਤ ਫ਼ੰਡ ਹੇਠ ਲਈ ਜਾ ਸਕਦੀ ਹੈ।

** ਸੀ.ਐਲ.ਬੀ.ਸੀ. ਲਈ ਯੋਗ ਬਾਲਗ ਉਹ ਵਿਅਕਤੀ ਹੁੰਦਾ ਹੈ ਜਿਸਦੀ ਉਮਰ 19 ਸਾਲ ਜਾਂ ਇਸ ਤੋਂ ਵਧ ਹੋਏ ਅਤੇ ਜੋ ਸੀ.ਐਲ.ਬੀ.ਸੀ. ਸਹਾਇਤਾ ਅਤੇ ਸੇਵਾਵਾਂ ਨੀਤੀ ਦੀ ਯੋਗਤਾ ਵਿੱਚ ਯੋਗਤਾ ਦੀ ਕਸੌਟੀ ਉਤੇ ਪੂਰਾ ਉਤਰਦਾ ਹੈ।*

## ਵਿਅਕਤੀਗਤ ਸਹਾਇਤਾ ਯੋਜਨਾ ਕਿਵੇਂ ਤਿਆਰ ਕੀਤੀ ਜਾਂਦੀ ਹੈ?

ਵਿਅਕਤੀਗਤ ਸਹਾਇਤਾ ਯੋਜਨਾਵਾਂ ਕਿਸੇ ਬਾਲਗ ਵਿਅਕਤੀ ਵਲੋਂ ਆਪਣੇ ਆਪ ਜਾਂ ਆਪਣੇ ਪਰਿਵਾਰ ਦੀ ਮਦਦ ਨਾਲ, ਜਾਂ ਸਹਾਇਕ ਨੈਟਵਰਕ, ਦੋਸਤਾਂ ਜਾਂ ਵਿਸ਼ਵਾਸਯੋਗ ਸਲਾਹਕਾਰ ਦੀ ਮਦਦ ਨਾਲ, ਜਾਂ ਇਹ ਸੀ.ਐਲ.ਬੀ.ਸੀ. ਦੇ ਮਦਦਗਾਰ ਦੀ ਮਦਦ ਨਾਲ ਤਿਆਰ ਕੀਤੀਆਂ ਜਾ ਸਕਦੀਆਂ ਹਨ। ਯੋਜਨਾਵਾਂ ਕਈ ਤਰੀਕਿਆਂ ਨਾਲ ਤਿਆਰ ਕੀਤੀਆਂ ਜਾ ਸਕਦੀਆਂ ਹਨ ਪਰ ਜਿਸ ਵਿਅਕਤੀ ਲਈ ਯੋਜਨਾ ਤਿਆਰ ਕੀਤੀ ਜਾਂਦੀ ਹੈ ਉਹ ਹਮੇਸ਼ਾ ਇਸ ਪ੍ਰਕ੍ਰਿਆ ਦਾ ਕੇਂਦਰ ਬਿੰਦੂ ਹੁੰਦਾ ਹੈ। ਜੇਕਰ ਤੁਸੀਂ ਸੀ.ਐਲ.ਬੀ.ਸੀ. ਫ਼ੰਡ ਸੇਵਾ ਲਈ ਯੋਜਨਾ ਤਿਆਰ ਕਰਦੇ ਹੋ, ਮਦਦਗਾਰ ਇਹ ਯਕੀਨੀ ਬਣਾਨ ਵਿੱਚ ਤੁਹਾਡੀ ਮਦਦ ਕਰੇਗਾ ਕਿ ਲੁੜੀਂਦੀ ਸਾਰੀ ਜਾਣਕਾਰੀ ਯੋਜਨਾਵਾਂ ਵਿੱਚ ਸ਼ਾਮਿਲ ਕੀਤੀ ਗਈ ਹੈ।

## ਵਿਅਕਤੀਗਤ ਸਹਾਇਤਾ ਯੋਜਨਾਵਾਂ ਵਿੱਚ ਕਿਹੜੀ ਜਾਣਕਾਰੀ ਸ਼ਾਮਿਲ ਕਰਨ ਦੀ ਲੋੜ ਹੁੰਦੀ ਹੈ?

ਜਦੋਂ ਸੀ.ਐਲ.ਬੀ.ਸੀ. ਫ਼ੰਡ ਸੇਵਾ ਲਈ ਵਿਅਕਤੀਗਤ ਸਹਾਇਤਾ ਯੋਜਨਾਵਾਂ ਦੀ ਲੋੜ ਹੁੰਦੀ ਹੈ, ਯੋਜਨਾਵਾਂ ਵਿੱਚ ਖ਼ਾਸ ਜਾਣਕਾਰੀ ਸ਼ਾਮਿਲ ਕਰਨੀ ਹੁੰਦੀ ਹੈ।

ਤੁਹਾਡੇ ਪਰਿਵਾਰ ਦੇ ਮੈਂਬਰ ਦੀ ਯੋਜਨਾ ਵਿੱਚ ਜਿਨਾਂ ਵੇਰਵਿਆਂ ਦੀ ਲੋੜ ਹੁੰਦੀ ਹੈ:

- ਉਹ ਕੌਣ ਹਨ
- ਉਨਾਂ ਦੇ ਸੁਫ਼ਨੇ, ਉਦੇਸ਼ ਅਤੇ ਇਛਾਵਾਂ
- ਹੋਰਨਾਂ ਵਿਅਕਤੀਆਂ ਨਾਲ ਉਹ ਕਿਵੇਂ ਸੰਚਾਰ ਕਰਦੇ ਅਤੇ ਮਿਲਦੇ ਵਰਤਦੇ ਹਨ
- ਉਹ ਕੰਮ ਕਰਨ, ਸਿਖੱਣ ਅਤੇ ਭਾਈਚਾਰਕ ਸਰਗਰਮੀਆਂ ਵਿੱਚ ਕਿਵੇਂ ਹਿੱਸਾ ਲੈਂਦੇ ਹਨ
- ਰੁਜ਼ਾਨਾ ਉਨਾਂ ਨੂੰ ਕਿਸ ਤਰਾਂ ਦੀ ਮਦਦ ਚਾਹੀਦੀ ਹੈ
- ਸਿਹਤ ਬਾਰੇ ਕੋਈ ਲੋੜਾਂ, ਮਾਨਸਿਕ ਸਿਹਤ ਸਬੰਧੀ ਲੋੜਾਂ ਜਾਂ ਜੋਖਿਮ ਦੇ ਹੋਰ ਕਾਰਨ
- ਨੁਕਸਾਨ ਤੋਂ ਉਹ ਸੁਰਖਿਅਤ ਕਿਵੇਂ ਰਹਿੰਦੇ ਹਨ
- ਜੀਵਨ ਦੇ ਨਿਤ ਦਿਨ ਦੇ ਅਤੇ ਅਹਿੰਮ ਫੈਸਲੇ ਕਿਵੇਂ ਲੈਂਦੇ ਹਨ

ਵਿਅਕਤੀਗਤ ਸਹਾਇਤਾ ਯੋਜਨਾਵਾਂ ਵਿੱਚ ਉਦੇਸ਼ਾਂ ਨੂੰ ਬਿਆਨ ਕਰਨ ਦੀ ਲੋੜ ਹੁੰਦੀ ਹੈ ਅਤੇ ਦਸੋ ਕਿ ਉਨਾਂ ਉਦੇਸ਼ਾਂ ਤਕ ਪਹੁੰਚਣ ਲਈ ਸੀ.ਐਲ.ਬੀ.ਸੀ. ਫ਼ੰਡ ਲਈ ਬੇਨਤੀ ਕੀਤੀਆਂ ਗਈਆਂ ਕੋਈ ਵੀ ਸੇਵਾਵਾਂ ਕਿਸ ਤਰਾਂ ਮਦਦ ਕਰਨਗੀਆਂ।

ਯੋਜਨਾਵਾਂ ਵਿੱਚ ਬੇਨਤੀ ਕੀਤੀ ਗਈ ਸੇਵਾਵਾਂ ਦੀ ਕਿਸਮ ਅਤੇ ਲਾਗਤ ਦਸਣ ਦੀ ਵੀ ਲੋੜ ਹੁੰਦੀ ਹੈ, ਫ਼ੰਡ ਦੀ ਕਿਸਮ ਬਾਰੇ ਦਸੋ ਜਿਸ ਲਈ ਬੇਨਤੀ ਕੀਤੀ ਜਾ ਰਹੀ ਹੈ ਅਤੇ ਬੇਨਤੀ ਕੀਤੀ ਗਈ ਸੇਵਾਵਾਂ ਦੇ ਸ਼ੁਰੂ ਹੋਣ ਦੀ ਤਾਰੀਖ਼ ਸ਼ਾਮਿਲ ਕਰੋ।

ਯੋਜਨਾਵਾਂ ਵਿੱਚ ਸੁਰੱਖਿਆਤਮਕ ਕਾਰਵਾਈਆਂ ਵੀ ਸ਼ਾਮਿਲ ਕੀਤੇ ਜਾਣ ਦੀ ਲੋੜ ਹੁੰਦੀ ਹੈ ਜੋ ਕਿਸੇ ਨੂੰ ਨੁਕਸਾਨ ਪਹੁੰਚਣ ਦਾ ਜੋਖਿਮ ਘਟਾਉਣ ਵਿੱਚ ਮਦਦ ਦੇ ਉਦੇਸ਼ ਨਾਲ ਕੀਤੀਆਂ ਜਾਂਦੀਆਂ ਹਨ।

ਕਿਰਪਾ ਕਰਕੇ ਹੋਰ ਜਾਣਨ ਲਈ ਮਦਦਗਾਰ ਨਾਲ ਸਲਾਹ-ਮਸ਼ਵਰਾ ਕਰੋ ਕਿ ਯੋਜਨਾਵਾਂ ਵਿੱਚ ਕਿਹੜੀ ਜਾਣਕਾਰੀ ਸ਼ਾਮਿਲ ਕਰਨ ਦੀ ਲੋੜ ਹੁੰਦੀ ਹੈ। ਮਦਦਗਾਰ ਤੁਹਾਨੂੰ ਯੋਜਨਾਵਾਂ ਬਾਰੇ ਹੋਰ ਜਾਣਕਾਰੀ, ਕਿਤਾਬਚੀਆਂ ਅਤੇ ਗਾਈਡਾਂ ਮੁਹਈਆ ਕਰ ਸਕਦਾ ਹੈ।

## ਯੋਜਨਾ ਬਣ ਜਾਣ ਤੋਂ ਬਾਦ ਕੀ ਹੋਏਗਾ?

ਜੇਕਰ ਯੋਜਨਾਵਾਂ ਵਿੱਚ ਸੀ.ਐਲ.ਬੀ.ਸੀ. ਫ਼ੰਡ ਸੇਵਾਵਾਂ ਲਈ ਬੇਨਤੀ ਸ਼ਾਮਿਲ ਕੀਤੀ ਗਈ ਹੈ ਇਸਨੂੰ ਸੀ.ਐਲ.ਬੀ.ਸੀ. ਕੋਲ ਜਮਾਂ ਕਰਾਉਣ ਦੀ ਲੋੜ ਹੋਏਗੀ। ਕਿਸੇ ਮਦਦਗਾਰ ਨੂੰ ਸੰਪਰਕ ਕਰੋ ਜੋ ਤੁਹਾਨੂੰ ਇਹ ਯਕੀਨੀ ਬਣਾਨ ਵਿੱਚ ਮਦਦ ਕਰੇਗਾ ਕਿ ਯੋਜਨਾਵਾਂ ਨੂੰ ਸੀ.ਐਲ.ਬੀ.ਸੀ. ਵਿਸ਼ਲੇਸ਼ਕ ਕੋਲ ਭੇਜਣ ਤੋਂ ਪਹਿਲਾਂ ਲੁੜੀਂਦੀ ਸਾਰੀ ਜਾਣਕਾਰੀ ਯੋਜਨਾਵਾਂ ਵਿੱਚ ਸ਼ਾਮਿਲ ਕੀਤੀ ਗਈ ਹੈ।

## ਵਿਸ਼ਲੇਸ਼ਕ ਯੋਜਨਾਵਾਂ ਵਿੱਚ ਕੀ ਸਮੀਖਿਆ ਕਰਦਾ ਹੈ?

ਵਿਸ਼ਲੇਸ਼ਕ ਇਹ ਜਾਣਨ ਲਈ ਯੋਜਨਾਵਾਂ ਦੀ ਸਮੀਖਿਆ ਕਰਦਾ ਹੈ ਕਿ ਕੀ ਸੇਵਾ ਲਈ ਵਿਅਕਤੀ ਦੀ ਲੋੜ ਦੀ ਪੱਧਰ ਅਤੇ ਬੇਨਤੀ ਕੀਤੀ ਗਈ ਸੀ.ਐਲ.ਬੀ.ਸੀ. ਫ਼ੰਡ ਸੇਵਾਵਾਂ ਦੀ ਪੱਧਰ ਵਿੱਚਕਾਰ ਸਪਸ਼ਟ ਸੰਬੰਧ ਬਣਦਾ ਹੈ ਜਾਂ ਨਹੀਂ। ਵਿਸ਼ਲੇਸ਼ਕ ਵਿਅਕਤੀ ਦੇ ਉਦੇਸ਼ਾਂ ਅਤੇ ਬੇਨਤੀ ਕੀਤੀ ਗਈ ਸੇਵਾ ਵਿੱਚਕਾਰ ਸੰਬੰਧ ਨੂੰ ਵੀ ਘੋਖਦਾ ਹੈ। ਵਿਸ਼ਲੇਸ਼ਕ ਯੋਜਨਾਵਾਂ ਦੀ ਸਮੀਖਿਆ ਕਰੇਗਾ ਅਤੇ ਉਸ ਤੋਂ ਬਾਦ ਇਸ ਬਾਰੇ ਫੈਸਲੇ ਕਰਦਾ ਹੈ ਕਿ ਸੀ.ਐਲ.ਬੀ.ਸੀ. ਦੀਆਂ ਕਿਹੜੀਆਂ ਸੇਵਾਵਾਂ ਮੁਹਈਆ ਕੀਤੀਆਂ ਜਾਣਗੀਆਂ। ਵਿਸ਼ਲੇਸ਼ਕ ਸੀ.ਐਲ.ਬੀ.ਸੀ. ਦੇ ਉਪਲਬਧ ਵਸੀਲਿਆਂ ਦੇ ਆਧਰ ਉਤੇ ਫੈਸਲਾ ਕਰੇਗਾ ਕਿ ਬੇਨਤੀ ਕੀਤੀ ਗਈ ਤਾਰੀਖ਼ ਉਤੇ ਬੇਨਤੀ ਕੀਤੀ ਗਈ ਕਿਹੜੀ ਸੇਵਾ ਲਈ ਫੰਡ ਦਿਤਾ ਜਾ ਸਕਦਾ ਹੈ ਅਤੇ ਕਿਹੜੀ ਸੇਵਾ ਲਈ ਭਵਿਖ ਵਿੱਚ ਫੰਡ ਮੁਹਈਆ ਕੀਤਾ ਜਾ ਸਕਦਾ ਹੈ।

## ਯੋਜਨਾਵਾਂ ਦੀ ਸਮੀਖਿਆ ਤੋਂ ਬਾਦ ਫੈਸਲਿਆਂ ਬਾਰੇ ਮੈਨੂੰ ਕਿਵੇਂ ਪਤਾ ਲਗੇਗਾ?

ਵਿਸ਼ਲੇਸ਼ਕ ਅਤੇ ਮਦਦਗਾਰ ਇਹ ਯਕੀਨੀ ਬਣਾਨ ਲਈ ਮਿਲ ਕੇ ਕੰਮ ਕਰਦੇ ਹਨ ਕਿ ਲੋਕਾਂ ਨੂੰ ਪਤਾ ਲਗ ਜਾਏ ਕਿ ਜਦੋਂ ਯੋਜਨਾਵਾਂ ਦੀ ਸਮੀਖਿਆ ਕੀਤੀ ਗਈ ਹੈ ਤਾਂ ਉਸਦਾ ਕੀ ਹੋਇਆ ਹੈ। ਮਦਦਗਾਰ, ਵਿਅਕਤੀਆਂ ਅਤੇ ਉਨਾਂ ਦੇ ਪਰਿਵਾਰਾਂ ਲਈ ਮੁਖ ਸੰਪਰਕ ਬਿੰਦੂ ਹੁੰਦੇ ਹਨ। ਮਦਦਗਾਰ ਤੁਹਾਨੂੰ ਫ਼ੰਡ ਦੇ ਫੈਸਲਿਆਂ ਬਾਰੇ ਦਸ ਦਏਗਾ ਅਤੇ ਜੇਕਰ ਲੋੜ ਪੈਂਦੀ ਹੈ ਤਾਂ ਯੋਜਨਾਵਾਂ ਜਾਂ ਸੇਵਾ ਬੇਨਤੀਆਂ ਵਿੱਚ ਸੋਧ ਕਰਨ ਵਿੱਚ ਮਦਦ ਕਰੇਗਾ। ਮਦਦਗਾਰ ਤੁਹਾਨੂੰ ਦਸ ਦਏਗਾ ਕਿ ਕੀਤੀ ਗਈ ਬੇਨਤੀ ਲਈ ਫ਼ੰਡ ਦਿਤੇ ਜਾਣਗੇ ਜਾਂ ਨਹੀਂ, ਅਤੇ ਸੇਵਾ ਸ਼ੁਰੂ ਕਰਨ ਲਈ ਫ਼ੰਡ ਕਦੋਂ ਉਪਲਬਧ ਹੋਣਗੇ।

## ਸੀ.ਐਲ.ਬੀ.ਸੀ. ਵਿਅਕਤੀਗਤ ਸਹਾਇਤਾ ਯੋਜਨਾਵਾਂ ਨੂੰ ਤਿਆਰ ਕਰਨ ਉਤੇ ਧਿਆਨ ਕਿਉਂ ਦਿੰਦਾ ਹੈ?

ਸੀ.ਐਲ.ਬੀ.ਸੀ. ਲੋਕਾਂ ਨੂੰ ਭਾਈਚਾਰੇ ਵਿੱਚ ਪੂਰਨ ਜੀਵਨ ਸਭ ਤੋਂ ਵਧੀਆ ਤਰੀਕੇ ਨਾਲ ਜੀਉਣ ਵਿੱਚ ਮਦਦ ਕਰਨ ਵਿੱਚ ਵਿਸ਼ਵਾਸ ਰਖਦਾ ਹੈ। ਤੁਹਾਡੇ ਪਰਿਵਾਰਕ ਮੈਂਬਰ ਨੂੰ ਸਹਾਇਤਾ ਅਤੇ ਸੇਵਾਵਾਂ ਦੀ ਲੋੜ ਪੈ ਸਕਦੀ ਹੈ ਅਤੇ ਸਹੀ ਯੋਜਨਾਵਾਂ ਨਾਲ ਉਹ ਸਹਾਇਤਾ ਅਤੇ ਸੇਵਾਵਾਂ ਉਤੇ ਧਿਆਨ ਕੇਂਦ੍ਰਿਤ ਕਰ ਸਕਦੇ ਹਨ ਤਾਂ ਜਿ ਜਿਸ ਤਰਾਂ ਦਾ ਉਹ ਜੀਵਨ ਜੀਣਾ ਚਾਹੁੰਦੇ ਹਨ ਜੀਅ ਸਕਣ। ਵਿਅਕਤੀਗਤ ਸਹਾਇਤਾ ਯੋਜਨਾ, ਸਹਾਇਤਾ ਅਤੇ ਸੇਵਾਵਾਂ ਘੜਣ ਨੂੰ ਸੰਭਵ ਬਣਾਉਂਦੀ ਹੈ ਤਾਂ ਜਿ ਲੋਕਾਂ ਨੂੰ ਆਪਣੇ ਟੀਚਿਆਂ ਤਕ ਪਹੁੰਚਣ ਵਿੱਚ ਮਦਦ ਮਿਲ ਸਕੇ।

# ਸੀ.ਐਲ.ਬੀ.ਸੀ. ਨੂੰ ਸੰਪਰਕ ਕਰਨਾ

ਇਹ ਠੀਕ ਰਹੇਗਾ ਕਿ ਯੋਜਨਾ ਸ਼ੁਰੂ ਕਰਨ ਤੋਂ ਪਹਿਲਾਂ ਤੁਸੀਂ ਸੀ.ਐਲ.ਬੀ.ਸੀ. ਮਦਦਗਾਰ ਨੂੰ ਮਿਲੋ। ਮਦਦਗਾਰ ਯੋਜਨਾ ਘੜਣ ਵਿੱਚ ਵੀ ਤੁਹਾਡੀ ਮਦਦ ਕਰੇਗਾ ਅਤੇ ਤੁਹਾਨੂੰ ਮਹੱਤਵਪੂਰਣ ਜਾਣਕਾਰੀ ਮੁਹਈਆ ਕਰੇਗਾ।

ਸ਼ੁਰੂਆਤ ਕਰੋ ਸੀ.ਐਲ.ਬੀ.ਸੀ. ਨੂੰ ਟੋਲ ਫ੍ਰੀ ਨੰਬਰ 1-877-660-2522 ਉਤੇ ਫ਼ੋਨ ਕਰਕੇ ਜਾਂ ਸੀ.ਐਲ.ਬੀ.ਸੀ. ਦੀ ਵੈਬਸਾਈਟ www.communitylivingbc.ca ਉਤੇ ਜਾ ਕੇ।

ਮਾਰਚ 2011